OFFICE OF THE
DIRECTOR GENERAL OF
POLICE PUNJAB,
CHANDIGARH.

ਦਫਤਰ,
ਡਾਇਰੈਕਟਰ ਜਨਰਲ ਪੁਲਿਸ , ਪੰਜਾਬ,
ਚੰਡੀਗੜ੍ਹ ।

ਪ੍ਰਸ਼ਾਸਨ ਵਿੰਗ
(ਅਮਲਾ-1 ਸ਼ਾਖਾ)

ਵੱਲ

1. ਡੀ.ਜੀ.ਪੀ/ਇੰਟੈਲੀਜੈਂਸ, ਪੰਜਾਬ, ਚੰਡੀਗੜ੍ਹ।
2. ਏ.ਡੀ.ਜੀ.ਪੀ/ਆਰਮਡ ਬਨਜ:, ਜਲੰਧਰ।
3. ਏ.ਡੀ.ਜੀ.ਪੀ/ਬਿਓਰੋ ਆਫ ਇਨਵੈਸਟੀਗੇਸਨ, ਪੰਜਾਬ, ਚੰਡੀਗੜ੍ਹ।
4. ਏ.ਡੀ.ਜੀ.ਪੀ/ਜੀ.ਆਰ.ਪੀ, ਪੰਜਾਬ, ਪਟਿਆਲਾ।
5. ਮੁੱਖ ਡਾਇਰੈਕਟਰ ਵਿਜੀਲੈਂਸ ਬਿਊਰੋ, ਪੰਜਾਬ, ਚੰਡੀਗੜ੍ਹ।
6. ਸਮੂਹ ਕਮਿਸਨਰੇਟ ਪੁਲਿਸ, ਪੰਜਾਬ।
7. ਸਮੂਹ ਰੇਂਜ ਆਈ.ਜੀ.ਪੀ./ਡੀ.ਆਈ.ਜੀ, ਪੰਜਾਬ।

ਯਾਦ ਪੱਤਰ ਨੰ: 9035-49 /ਈ-1(2)
ਮਿਤੀ, ਚੰਡੀਗੜ੍ਹ: 26/7/18

ਵਿਸਾ :- ਪੰਜਾਬ ਪੁਲਿਸ ਐਕਟ, 2007 ਹੋਂਦ ਵਿੱਚ ਆਉਣ ਉਪਰੰਤ ਏ.ਐਸ.ਆਈਜ ਦੀ ਜਿਲ੍ਹਾ ਕੇਡਰ ਅਤੇ ਆਰਮਡ ਕੇਡਰ ਵਿੱਚ ਵੰਡ ਕਰਨ ਸਬੰਧੀ।

*****

ਹਵਾਲਾ ਇਸ ਦਫਤਰ ਦੇ ਪੱਤਰ ਨੰ: 6750-92/ਈ-1(2) ਮਿਤੀ 04.06.2018, ਉਪਰੋਕਤ ਵਿਸੇ ਦੇ ਸਬੰਧ ਵਿੱਚ।

2. ਮਾਨਯੋਗ ਹਾਈਕੋਰਟ ਦੇ ਹੁਕਮਾਂ ਅਨੁਸਾਰ ਮਿਤੀ 20.02.2008 ਨੂੰ ਸਰਵਿੰਗ ਏ.ਐਸ.ਆਈਜ ਦੀ ਲਿਸਟ ਪੰਜਾਬ ਪੁਲਿਸ ਵੈਬਸਾਈਟ ਤੇ ਅਪਲੋਡ ਕੀਤੀ ਗਈ ਸੀ। ਇਸ ਲਿਸਟ ਵਿੱਚ ਦਰਜ ਆਪ ਜੀ ਦੇ ਅਧੀਨ ਤਾਇਨਾਤ ਕਰਮਚਾਰੀਆਂ ਤੋਂ ਨਿਰਧਾਰਿਤ ਪ੍ਰੋਫਾਰਮੇ ਵਿੱਚ ਆਪਸ਼ਨ ਲੈ ਕੇ 21 ਦਿਨਾਂ (ਮਿਤੀ 25.06.2018 ਤੱਕ) ਦੇ ਅੰਦਰ-ਅੰਦਰ ਇਸ ਦਫਤਰ ਨੂੰ ਭੇਜਣ ਲਈ ਲਿਖਿਆ ਗਿਆ ਸੀ।

3. ਵੰਡ ਕਰਨ ਉਪਰੰਤ ਜਿਲਾ ਕੇਡਰ ਦੇ 2533 ਅਤੇ ਆਰਮਡ ਕੇਡਰ ਦੇ 453 ਏ.ਐਸ.ਆਈਜ ਰੈਂਕ ਦੇ ਕਰਮਚਾਰੀਆਂ ਦੀ ਸੂਚੀ ਪੰਜਾਬ ਪੁਲਿਸ ਦੀ ਵੈਬਸਾਈਟ ਤੇ ਅਪਲੋਡ ਕਰ ਦਿੱਤੀਆਂ ਗਈਆਂ ਹਨ। ਜਿਲ੍ਹਾ ਕੇਡਰ ਅਤੇ ਆਰਮਡ ਕੇਡਰ ਵਿਖੇ ਕਰਮਚਾਰੀਆਂ ਦੀ ਵੰਡ ਉਹਨਾਂ ਵੱਲੋ ਦਿੱਤੀ ਆਪਸ਼ਨ, ਅਸਾਮੀ, ਮਿਤੀ 20.02.2008 ਨੂੰ ਉਹਨਾਂ ਦੀ ਤਾਇਨਾਤੀ ਅਤੇ ਪ੍ਰਬੰਧਕੀ ਅਧਾਰ ਤੇ ਕੀਤੀ ਗਈ ਹੈ। ਆਪ ਜੀ ਦੇ ਅਧੀਨ ਤਾਇਨਾਤ ਕਰਮਚਾਰੀਆਂ ਨੂੰ ਇਸ ਸਬੰਧੀ ਜਾਣੂ ਕਰਵਾਇਆ ਜਾਵੇ ਅਤੇ ਲਿਖਤੀ ਤੋਰ ਤੇ ਪੁਛਿਆ ਜਾਵੇ ਕਿ ਉਹਨਾਂ ਨੂੰ ਇਸ ਵੰਡ ਸਬੰਧੀ ਕੋਈ ਇਤਰਾਜ ਹੈ ਜਾਂ ਨਹੀਂ। ਜੇਕਰ ਇਸ ਵੰਡ ਸਬੰਧੀ ਕਿਸੇ ਕਰਮਚਾਰੀ ਨੂੰ ਇਤਰਾਜ ਹੈ ਤਾਂ 10 ਦਿਨਾਂ ਦੇ ਅੰਦਰ-ਅੰਦਰ (ਮਿਤੀ 05.08.2018 ਤੱਕ) ਹਾਸਲ ਕਰਕੇ ਆਪਣੀ ਟਿੱਪਣੀ ਸਹਿਤ ਇਸ ਦਫਤਰ ਨੂੰ ਭੇਜਿਆ ਜਾਵੇ।

ਆਈ.ਜੀ.ਪੀ./ਸਥਾਨਕ
ਵਾ:ਡਾਇਰੈਕਟਰ ਜਨਰਲ ਪੁਲਿਸ, ਪੰਜਾਬ।

ਨੰਬਰ: 9050-9150 /ਈ-1(2), ਮਿਤੀ : 26/7/18

ਉਪਰੋਕਤ ਦਾ ਉਤਾਰਾ ਪੰਜਾਬ ਪੁਲਿਸ ਦੇ ਸਮੂਹ ਦਫਤਰਾਂ ਦੇ ਮੁੱਖੀਆਂ ਨੂੰ ਜਾਣਕਾਰੀ ਹਿੱਤ ਭੇਜਿਆ ਜਾਂਦਾ ਹੈ।

ਆਈ.ਜੀ.ਪੀ./ਸਥਾਨਕ
ਵਾ:ਡਾਇਰੈਕਟਰ ਜਨਰਲ ਪੁਲਿਸ, ਪੰਜਾਬ।

ਨੰਬਰ: 9151 /ਈ-1(2), ਮਿਤੀ : 26/7/18

ਉਪਰੋਕਤ ਦਾ ਉਤਾਰਾ, ਸਮੇਤ ਜਿਲ੍ਹਾ ਕੇਡਰ ਦੇ 2533 ਅਤੇ ਆਰਮਡ ਕੇਡਰ ਦੇ 453 ਕਰਮਚਾਰੀਆਂ ਦੀ ਸੂਚੀਆਂ, ਇੰਚਾਰਜ, ਪੰਜਾਬ ਪੁਲਿਸ ਵੈਬਸਾਈਟ ਨੂੰ ਪੰਜਾਬ ਪੁਲਿਸ ਤੇ ਵੈਬਸਾਈਟ ਤੇ ਅਪਲੋਡ ਕਰਨ ਲਈ ਭੇਜੀਆਂ ਜਾਂਦੀਆਂ ਹਨ।

ਆਈ.ਜੀ.ਪੀ./ਸਥਾਨਕ
ਵਾ:ਡਾਇਰੈਕਟਰ ਜਨਰਲ ਪੁਲਿਸ, ਪੰਜਾਬ।